ਦਫਤਰ: ਕਾਰਜਕਾਰੀ ਇੰਜੀਨੀਅਰ,ਉਸਾਰੀ ਮੰਡਲ ਨੰ:2, ਲੋਕ ਨਿਰਮਾਣ ਵਿਭਾਗ
ਭ ਤੇ ਮ ਸ਼ਾਖਾ, ਹੁਸ਼ਿਆਰਪੁਰ।

ਈ-ਮੇਲ :- ee.csd2.hsp.pwd@punjab.gov.in

ਵੱਲ,

ਮੁੱਖ ਅਧਿਆਪਕ,
ਅਕਾਲ ਅਕੈਡਮੀ ਖੇੜਾ,
ਜਿਲ੍ਹਾ ਹੁਸ਼ਿਆਰਪੁਰ।

ਨੰ: 1143 ਮਿਤੀ: 09.08.2023

ਵਿਸ਼ਾ:- ਇਸ਼ੂ ਆਫ ਬਿਲਡਿੰਗ ਸੇਫਟੀ ਸਰਟੀਫਿਕੇਟ ਦੇ ਸਬੰਧੀ।

ਹਵਾਲਾ: ਆਪ ਦਾ ਪੱਤਰ ਨੰ. **AAK/23** ਮਿਤੀ 13.04.2023

ਉਪਰੋਕਤ ਵਿਸ਼ੇ ਸਬੰਧੀ ਬਿਲਡਿੰਗ ਦਾ ਨਿਰੀਖਣ ਇਸ ਦਫਤਰ ਦੇ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ ਨੰ.1, ਲੋ:ਨਿ:ਵਿ: ਭ ਤੇ ਮ ਸ਼ਾਖਾ, ਹੁਸ਼ਿਆਰਪੁਰ ਵਲੋਂ ਕੀਤਾ ਗਿਆ ਅਤੇ ਇਹ ਪਾਇਆ ਗਿਆ ਕਿ ਇਹ ਸਕੂਲ ਬਿਲਡਿੰਗ 2023-24 ਤੋਂ 2027-28 (5 ਸਾਲ) ਵਾਸਤੇ ਸੇਫ ਹੈ ਅਤੇ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ:-

1) ਸਕੂਲ ਬਿਲਡਿੰਗ ਵਾਸਤੇ ਆਪ ਵਲੋਂ ਇਕ ਸਾਲ ਦਾ ਹੀ ਫਾਇਰ ਸਰਟੀਫਿਕੇਟ ਦਿੱਤਾ ਹੈ ਜੋ ਕਿ ਅਗਲੇ 5 ਸਾਲਾਂ ਵਾਸਤੇ ਹਰੇਕ ਸਾਲ ਦਾ ਫਾਇਰ ਸਰਟੀਫਿਕੇਟ ਇਸ ਪੱਤਰ ਦਾ ਹਵਾਲਾ ਦਿੰਦੇ ਹੋਏ ਇਸ ਦਫਤਰ ਨੂੰ ਹਰੇਕ ਸਾਲ ਦਿੱਤਾ ਜਾਵੇਗਾ।

2) ਜੇਕਰ ਸਾਲ ਵਾਈਜ਼ ਸਰਟੀਫਿਕੇਟ ਆਪ ਵਲੋਂ ਨਹੀਂ ਦਿੱਤਾ ਜਾਂਦਾ ਹੈ ਤਾਂ ਬਿਨ੍ਹਾਂ ਨੋਟਿਸ ਦਿੱਤੇ ਇਹ ਬਿਲਡਿੰਗ ਸੇਫਟੀ ਸਰਟੀਫਿਕੇਟ ਰੱਦ ਕੀਤਾ ਜਾਵੇਗਾ।

3) 5 ਸਾਲ ਦੀ ਇੰਨਸਪੈਕਸ਼ਨ ਫੀਸ ਵਿਚ ਜੇਕਰ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਵਾਧਾ ਹੁੰਦਾ ਹੈ ਤਾਂ ਆਪ ਉਹ ਵਧੀ ਹੋਈ ਫੀਸ ਇਸ ਦਫਤਰ ਵਿਚ ਜਮ੍ਹਾਂ ਕਰਵਾਉਣ ਦੇ ਪਾਬੰਦ ਹੋਵੋਗੇ।

4) ਬਿਲਡਿੰਗ ਦੀਆਂ ਛੱਤਾਂ ਉੱਪਰ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ।

5) ਜੇਕਰ ਬਿਲਡਿੰਗ ਦੇ ਕਿਸੇ ਹਿੱਸੇ ਵਿਚ ਤਰੇੜ ਬਗੈਰਾ ਆਉਂਦੀ ਹੈ ਤਾਂ ਉਸਦੀ ਤੁਰੰਤ ਮੁਰੰਮਤ ਕਰਵਾਈ ਜਾਵੇ।

6) ਜੇਕਰ ਨੱਥੀ ਨਕਸ਼ੇ ਤੋਂ ਇਲਾਵਾ ਕੋਈ ਹੋਰ ਵਾਧੂ ਉਸਾਰੀ ਕੀਤੀ ਜਾਂਦੀ ਹੈ ਤਾਂ ਉਹ ਨਕਸ਼ੇ ਵਿਚ ਮਾਰਕ ਕਰਕੇ ਕੁੱਲ ਕਵਰਡ ਏਰੀਏ ਵਿਚ ਜਮ੍ਹਾਂ ਕੀਤੀ ਜਾਵੇ ਅਤੇ ਉਸ ਦਾ ਵੱਖਰਾ ਸੇਫਟੀ ਸਰਟੀਫਿਕੇਟ ਲਿਆ ਜਾਵੇ।

7) ਜੇਕਰ ਭਵਿੱਖ ਵਿਚ ਕੋਈ ਕੁਦਰਤੀ ਆਫਤ ਜਿਵੇਂ ਕਿ ਭੂਚਾਲ, ਹੜ, ਤੁਫਾਨ ਆਦਿ ਆਉਂਦੀ ਹੈ ਅਤੇ ਬਿਲਡਿੰਗ ਨੂੰ ਨੁਕਸਾਨ ਪਹੁੰਚਦਾ ਹੈ ਤਾਂ ਇਹ ਸਰਟੀਫਿਕੇਟ ਉਹਨਾਂ ਆਫਤਾਂ ਤੇ ਲਾਗੂ ਨਹੀਂ ਹੋਵੇਗਾ।

ਨੱਥੀ/ਨਕਸ਼ਾ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਨੰ.2, ਲੋ:ਨਿ:ਵਿ: ਭ ਤੇ ਮ ਸ਼ਾਖਾ,
ਹੁਸ਼ਿਆਰਪੁਰ।

ਪਿੱਠ ਅੰਕਣ ਨੰ. ਮਿਤੀ

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ ਨੰ.1, ਹੁਸ਼ਿਆਰਪੁਰ ਨੂੰ ਉਹਨਾਂ ਦੇ ਪੱਤਰ ਨੰ. 130 ਮਿਤੀ 07.08.2023 ਦੇ ਸਬੰਧ ਵਿਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ

ਨੱਥੀ/ਨਿੱਲ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਨੰ.2, ਲੋ:ਨਿ:ਵਿ: ਭ ਤੇ ਮ ਸ਼ਾਖਾ,
ਹੁਸ਼ਿਆਰਪੁਰ।

Scanned with CamScanner